# ਮੇਰੀ ਦੁਨੀਆ

(ਵਾਤਾਵਰਨ ਸਿੱਖਿਆ)

## ਤੀਜੀ ਸ਼੍ਰੇਣੀ

F1Q3M6

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਤੀਜਾ ਐਡੀਸ਼ਨ 2021 ....................... 1,75,300ਕਾਪੀਆਂ
ਰਿਵਾਇਜ਼ਡ ਐਡੀਸ਼ਨ 2022................ 2,19,000 ਕਾਪੀਆਂ
ਰਿਵਾਇਜ਼ਡ ਐਡੀਸ਼ਨ 2023................ 2,08,000 ਕਾਪੀਆਂ

All rights, including those of translation, reproduction and annotation etc., are reserved by the Punjab Government.

**ਕੋਆਰਡੀਨੇਟਰ** - **ਡਾ. ਸ਼ਰੁਤੀ ਸ਼ੁਕਲਾ**
ਵਿਸ਼ਾ ਮਾਹਰ , ਵਾਤਾਵਰਨ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ

**ਕਵਰ ਡਿਜ਼ਾਈਨ** - **ਮਨਜੀਤ ਸਿੰਘ ਢਿੱਲੋਂ**
ਚੀਫ਼ ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

**(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)**

ਸਮੱਗਰ ਸਿੱਖਿਆ ਅਭਿਆਨ
ਪੜ੍ਹੇ ਸਾਰੇ ਵਧੇ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਸਵੈਨ ਪ੍ਰਿੰਟਿੰਗ ਪ੍ਰੈਸ ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਤੋਂ ਹੀ ਸਕੂਲ ਪੱਧਰ ਦੇ ਪਾਠਕ੍ਰਮ ਬਣਾਉਣ, ਰਾਸ਼ਟਰ ਅਤੇ ਰਾਜ ਪੱਧਰ 'ਤੇ ਬਦਲਦੀਆਂ ਵਿੱਦਿਅਕ ਲੋੜਾਂ ਅਨੁਸਾਰ ਪਾਠ ਕ੍ਰਮ ਨੂੰ ਨਵਿਆਉਣ ਅਤੇ ਉਸ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਹੱਥਲੀ ਪੁਸਤਕ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਰਾਂ ਵੱਲੋਂ NCF-2005 ਅਤੇ PCF-2013 ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ਼ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ, SCERT ਦੇ ਮਾਹਰਾਂ ਅਤੇ ਖੇਤਰ ਦੇ ਤਜ਼ਰਬੇਕਾਰ ਅਧਿਆਪਕਾਂ/ਮਾਹਰਾਂ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਬੋਰਡ ਇਨ੍ਹਾਂ ਸਭ ਦਾ ਧੰਨਵਾਦੀ ਹੈ।

ਲੇਖਕਾਂ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਪੁਸਤਕ ਦੀ ਰੂਪ-ਰੇਖਾ ਤੀਜੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਪੁਸਤਕ ਵਿੱਚ ਦਿੱਤੀ ਵਿਸ਼ਾ-ਸਮੱਗਰੀ ਅਤੇ ਉਦਾਹਰਨਾ ਵਿਦਿਆਰਥੀਆਂ ਦੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਉਸ ਨਾਲ ਸਬੰਧਤ ਪ੍ਰਸਥਿਤੀਆਂ ਮੁਤਾਬਿਕ ਹੀ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪਾਠ ਵਿੱਚ ਕਈ ਕਿਰਿਆਵਾਂ ਦਿੱਤੀਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀ ਜੀਵਨ ਦੇ ਅਸਲੀ ਹਾਲਤਾਂ ਅਨੁਸਾਰ ਇਹ ਕਿਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਆਸ ਹੈ ਕਿ ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਰੋਚਕ ਅਤੇ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਪੁਸਤਕ ਤਿਆਰ ਕਰਤਾ ਕਮੇਟੀ

## ਲੇਖਕ

- ਡਾ. ਸ਼ਰੁਤੀ ਸ਼ੁਕਲਾ — ਕੋਆਰਡੀਨੇਟਰ ਵਾਤਾਵਰਨ ਸਿੱਖਿਆ ਪੰਜਾਬ ਸਕੂਲ ਸਿੱਖਿਆ ਬੋਰਡ
- ਰਾਜਪਾਲ ਸਿੰਘ — (ਰਿਟਾ. ਲੈੱਕ.) ਸਸਸਸ ਹਰੀਨਾਓ, ਕੋਟਕਪੂਰਾ, ਫ਼ਰੀਦਕੋਟ
- ਗੁਰਮੀਤ ਸਿੰਘ — (ਰਿਟਾ. ਲੈੱਕ.) ਸਸਸਸ ਖਰੜ (ਮਾਡਲ), ਐਸ. ਏ. ਐਸ. ਨਗਰ
- ਕੁਲਵੰਤ ਸਿੰਘ ਢੰਡ — (ਰਿਟਾ. ਲੈੱਕ.) ਸਸਸਸ ਮਾਣਕਪੁਰ ਖੇੜਾ, ਪਟਿਆਲਾ
- ਵਰਿੰਦਰ ਕੁਮਾਰ — ਮੁਖ ਅਧਿਆਪਕ, ਸ.ਪ੍ਰ.ਸ. ਮਚਾਕੀ ਮੱਲ ਸਿੰਘ, ਫਰੀਦਕੋਟ
- ਗੁਰਵਿੰਦਰ ਸਿੰਘ — ਸਾਇੰਸ ਮਾਸਟਰ, ਸਸਸਸ ਝੁੰਬਾ, ਬਠਿੰਡਾ
- ਨਿਰਮਲ ਸਿੰਘ — ਅਧਿਆਪਕ, ਸ.ਪ੍ਰ.ਸ. ਨੰਗਲ, ਫ਼ਰੀਦਕੋਟ
- ਅਮਰਜੀਤ ਸਿੰਘ — ਸਾਇੰਸ ਮਾਸਟਰ, ਸ. ਸ. ਸ. ਸ ਰੰਘੜਿਆਲ, ਮਾਨਸਾ
- ਅਮ੍ਰਿਤਵੀਰ ਸਿੰਘ ਬੋਹਾ — ਅਧਿਆਪਕ, ਸ.ਪ੍ਰ.ਸ. ਜਲਵੇੜਾ, ਮਾਨਸਾ
- ਹਰਿੰਦਰ ਸਿੰਘ ਗਰੇਵਾਲ — ਡੀ. ਪੀ. ਈ. ਸ. ਹ. ਸ. ਬੂਹੀ, ਪਟਿਆਲਾ
- ਗੁਰਬਾਜ਼ ਸਿੰਘ — ਅਧਿਆਪਕ, ਸ.ਪ੍ਰ.ਸ. ਇੱਛੇਵਾਲ, ਪਟਿਆਲਾ
- ਪੰਕਜ ਸ਼ਰਮਾ — ਸਾਇੰਸ ਮਾਸਟਰ, ਸ. ਮਿ. ਸ. ਭੋਏਵਾਲੀ, ਅਮ੍ਰਿਤਸਰ
- ਨਰਿੰਦਰ ਅਰੋੜਾ — ਅਧਿਆਪਕ, ਸ.ਪ੍ਰ.ਸ ਝਾਂਸ, ਹੁਸ਼ਿਆਰਪੁਰ

## ਸੋਧ ਕਮੇਟੀ

- ਸੀਮਾ ਖੇੜਾ — ਵਿਸ਼ਾ ਮਾਹਰ, ਐਸ.ਸੀ.ਈ.ਆਰ.ਟੀ
- ਮਹਿੰਦਰ ਸਿੰਘ — ਅਧਿਆਪਕ, ਸ.ਪ੍ਰ.ਸ. ਢੁੱਡੀ, ਫ਼ਰੀਦਕੋਟ
- ਵਜਿੰਦਰ ਕੁਮਾਰ — ਮੁੱਖ ਅਧਿਆਪਕ, ਸ.ਪ੍ਰ.ਸ. ਨਵਾਂ ਨੱਥੇਵਾਲ, ਫਰੀਦਕੋਟ
- ਜਸਵਿੰਦਰ ਸਿੰਘ — ਸੈਂਟਰ ਮੁੱਖ ਅਧਿਆਪਕ, ਸ. ਪ੍ਰ. ਸ. ਸਾਦਿਕ ਫ਼ਰੀਦਕੋਟ
- ਅਮਰਜੀਤ ਸਿੰਘ — ਲੈਕ. ਸ. ਸੀ. ਸੈ. ਸ. ਐਚ. ਆਰ (ਐਲ) ਵਾਰਡ 16, ਮੁਕਤਸਰ

# ਤਤਕਰਾ


| ਲੜੀ ਨੰ. | ਪਾਠ | ਪੰਨਾ ਨੰ. |
|---|---|---|
| 1. | ਪਰਿਵਾਰ ਅਤੇ ਰਿਸ਼ਤੇ | 1-6 |
| 2. | ਦਾਦਾ ਜੀ ਜਦੋਂ ਜਵਾਨ ਸਨ | 7-12 |
| 3. | ਸਾਡੇ ਸਹਿਯੋਗੀ ਕਿੱਤਾਕਾਰ | 13-17 |
| 4. | ਆਓ ਖੇਡਿਏ | 18-23 |
| 5. | ਪੌਦੇ-ਸਾਡੇ ਮਿੱਤਰ | 24-32 |
| 6. | ਰੰਗ-ਬਿਰੰਗੇ ਪੱਤੇ | 33-38 |
| 7. | ਜੰਤੂ—ਇਕ ਜਾਣ-ਪਹਿਚਾਣ | 39-43 |
| 8. | ਪੰਛਿਆਂ ਦੀ ਦੁਨੀਆ | 44-48 |
| 9. | ਭੋਜਨ ਪਕਾਈਏ ਅਤੇ ਖਾਈਏ | 49-59 |
| 10. | ਪਰਿਵਾਰ ਅਤੇ ਜਾਨਵਰ | 60-66 |
| 11. | ਸਾਡਾ ਆਵਾਸ | 67-73 |
| 12. | ਸਾਡਾ ਆਂਢ-ਗੁਆਂਢ | 74-80 |
| 13. | ਪਾਣੀ-ਜੀਵਨ ਦਾ ਆਧਾਰ | 81-85 |
| 14. | ਪਾਣੀ ਦੇ ਸ੍ਰੋਤ | 86-92 |
| 15. | ਸ੍ਰੀ ਅੰਮ੍ਰਿਤਸਰ ਸਾਹਿਬ ਦਾ ਟੂਰ | 93-103 |
| 16. | ਪੰਖੁੜੀ ਦਾ ਸੰਦੇਸ਼ | 104-109 |
| 17. | ਫੁੱਲਾਂ ਵਾਲੀ ਫ਼ਰਾਕ | 110-117 |
| 18. | ਮਿੱਟੀ ਦੇ ਖਿਡੌਣੇ | 118-121 |
| 19. | ਡਿਜੀਟਲ ਉਪਕਰਨ | 122-126 |

# ਵਾਤਾਵਰਨ ਸਿੱਖਿਆ
## ਸਿੱਖਣ ਦੇ ਨਤੀਜੇ

**ਸਿੱਖਣ ਦੇ ਨਤੀਜੇ**

**ਸਿਖਿਆਰਥੀ**

- ਆਪਣੇ ਨੇੜਲੇ ਵਾਤਾਵਰਨ ਵਿੱਚੋਂ ਪੌਦਿਆਂ ਦੇ ਪੱਤਿਆਂ, ਤਣਿਆਂ ਅਤੇ ਛਿੱਲ (ਸੱਕ) ਦੇ ਸਧਾਰਨ, ਦਿਖਣਯੋਗ ਲੱਛਣਾਂ (ਆਕਾਰ, ਰੰਗ, ਬਣਤਰ, ਗੰਧ) ਨੂੰ ਪਛਾਣਦਾ ਹੈ।
- ਆਪਣੇ ਨੇੜਲੇ ਵਾਤਾਵਰਨ ਵਿੱਚੋਂ ਜੰਤੂਆਂ ਅਤੇ ਪੰਛੀਆਂ ਦੇ ਸਧਾਰਨ ਲੱਛਣਾਂ (ਗਤੀ, ਭੋਜਨ ਸੰਬੰਧੀ ਆਦਤਾਂ, ਧੁਨੀਆਂ) ਨੂੰ ਪਛਾਣਦਾ ਹੈ।
- ਪਰਿਵਾਰਕ ਮੈਂਬਰਾਂ ਨਾਲ਼ ਅਤੇ ਉਹਨਾਂ ਵਿਚਲੇ ਸੰਬੰਧਾਂ ਨੂੰ ਸਮਝਦਾ ਹੈ।
- ਉਹ ਘਰ/ਸਕੂਲ/ਆਲੇ-ਦੁਆਲੇ ਵਿੱਚੋਂ ਵੱਖ-ਵੱਖ ਵਸਤਾਂ, ਚਿੰਨ੍ਹਾਂ, (ਭਾਂਡੇ, ਚੁਲ੍ਹੇ, ਆਵਾਜਾਈ, ਸੰਚਾਰ ਦੇ ਸਾਧਨ, ਸੂਚਨਾ-ਬੋਰਡ), ਸਥਾਨਾਂ (ਘਰ/ਆਸਰਾ, ਬਸ ਅੱਡਾ, ਪੈਟਰੋਲ-ਪੰਪ ਆਦਿ) ਗਤੀਵਿਧੀਆਂ (ਲੋਕਾਂ ਦੇ ਕੰਮਾਂ, ਖਾਣਾ ਪਕਾਉਣ ਦੀਆਂ ਵਿਧੀਆਂ) ਪਛਾਣਦਾ ਹੈ।
- ਵੱਖ-ਵੱਖ ਆਯੂ-ਗੁੱਟ ਦੇ ਲੋਕਾਂ, ਜੰਤੂਆਂ, ਪੰਛੀਆਂ ਦੀਆਂ ਭੋਜਨ ਲੋੜਾਂ, ਭੋਜਨ-ਪਾਣੀ ਦੀ ਉਪਲੱਬਧਤਾ, ਘਰ ਅਤੇ ਆਲ਼ੇ-ਦੁਆਲ਼ੇ ਵਿੱਚ ਪਾਣੀ ਦੀ ਵਰਤੋਂ ਬਾਰੇ ਦੱਸਦਾ ਹੈ।
- ਪਰਿਵਾਰਕ ਮੈਂਬਰਾਂ ਦੀ ਭੂਮਿਕਾ, ਪਰਿਵਾਰਕ ਅਸਰਾਂ (ਗੁਣਾਂ/ਲੱਛਣਾਂ/ਆਦਤਾਂ/ਰਿਵਾਜਾਂ), ਇੱਕਠੇ ਰਹਿਣ ਦੀ ਲੋੜ ਬਾਰੇ ਲਿਖਤੀ, ਜ਼ਬਾਨੀ ਜਾਂ ਹੋਰ ਢੰਗਾਂ ਰਾਹੀਂ ਬਿਆਨ ਕਰਦਾ ਹੈ।
- ਉਹ ਆਪਣੇ ਗਿਆਨ ਵਿਵੇਕ ਨਾਲ ਵਸਤਾਂ, ਪੰਛੀਆਂ, ਜੰਤੂਆਂ ਦੇ ਲੱਛਣਾਂ, ਗਤੀਵਿਧੀਆਂ ਦੀਆਂ ਸਮਾਨਤਾਵਾਂ, ਭਿੰਨਤਾਵਾਂ, ਜਿਵੇਂ ਦਿੱਖ, ਨਿਵਾਸ ਸਥਾਨ, ਗਤੀ, ਪਸੰਦ-ਨਾਪਸੰਦ ਅਤੇ ਕੋਈ ਹੋਰ ਲੱਛਣ ਅਨੁਸਾਰ ਸਮੂਹਾਂ ਵਿੱਚ ਵੰਡਦਾ ਹੈ।
- ਵਰਤਮਾਨ ਅਤੇ ਭੂਤਕਾਲ ਦੀਆਂ ਵਸਤਾਂ ਅਤੇ ਕਿਰਿਆਵਾਂ (ਕੱਪੜੇ, ਭਾਂਡੇ, ਖੇਡਾਂ, ਕਿੱਤਿਆਂ) ਵਿੱਚ ਅੰਤਰ ਕਰਦਾ ਹੈ।
- ਜ਼ੁਬਾਨੀ ਸੰਕੇਤਾਂ/ਪ੍ਰਤੀਕਾਂ ਦੀ ਵਰਤੋਂ ਨਾਲ਼ ਸਧਾਰਨ ਨਕਸ਼ਿਆਂ (ਘਰ/ਸਕੂਲ/ਜਮਾਤ) ਵਿੱਚ ਦਿਸ਼ਾਵਾਂ ਅਤੇ ਵੱਖ-ਵੱਖ ਸਥਾਨਾਂ ਦੀ ਸਥਿਤੀ ਨੂੰ ਪਛਾਣਦਾ ਹੈ।
- ਰੋਜ਼ਾਨਾ ਜ਼ਿੰਦਗੀ ਦੀਆਂ ਗਤੀਵਿਧੀਆਂ, ਵਰਤੋਂ ਯੋਗ-ਸਮੱਗਰੀ ਦੇ ਗੁਣਾਂ ਦਾ ਅੰਦਾਜ਼ਾ ਅਤੇ ਮਿਕਦਾਰ ਦਾ ਅਨੁਮਾਨ ਲਾਉਂਦਾ ਹੈ ਅਤੇ ਚਿੰਨ੍ਹਾਂ, ਗ਼ੈਰ-ਮਿਆਰੀ ਇਕਾਈਆਂ (ਗਿੱਠ, ਮੱਗ, ਚਮਚਾ) ਨਾਲ਼ ਅਨੁਮਾਨ ਦੀ ਪੜਤਾਲ ਕਰਦਾ ਹੈ।
- ਵਸਤਾਂ/ਗਤੀਵਿਧੀਆਂ/ਦੌਰਾ ਕੀਤੀਆਂ ਹੋਈਆਂ ਥਾਂਵਾਂ ਸੰਬੰਧੀ ਵੱਖ-ਵੱਖ ਤਰੀਕਿਆਂ ਨਾਲ਼ ਅਵ-ਲੋਕਣ, ਅਨੁਭਵ, ਸੂਚਨਾ ਦਾ ਰਿਕਾਰਡ ਰੱਖਦਾ ਹੈ ਤੇ ਨਮੂਨਿਆਂ (ਪੈਟਰਨ) ਜਿਵੇਂ ਚੰਨ ਦੀਆਂ ਆਕ੍ਰਿਤੀਆਂ, ਰੁੱਤਾਂ ਆਦਿ ਦਾ ਪੂਰਵ-ਅਨੁਮਾਨ ਲਾਉਂਦਾ ਹੈ।
- ਚਿੱਤਰਾਂ, ਡਿਜ਼ਾਇਨਾਂ, ਮੋਟਿਫ (Motif), ਮਾਡਲ, ਕਿਸੇ ਵਸਤੂ ਦੇ ਉੱਪਰੀ, ਸਾਹਮਣੇ, ਪਾਸੇ ਵਾਲੇ ਦ੍ਰਿਸ਼, ਜਮਾਤ/ਘਰ/ਸਕੂਲ ਦੇ ਸਧਾਰਨ ਨਕਸ਼ੇ, ਕਵਿਤਾਵਾਂ ਅਤੇ ਨਾਅਰਿਆਂ ਦੀ ਰਚਨਾ ਕਰਦਾ ਹੈ।
- ਖੇਡਾਂ (ਸਥਾਨਕ/ਇਨਡੋਰ/ਆਊਟਡੋਰ) ਅਤੇ ਹੋਰ ਸਾਂਝੇ ਕੰਮਾਂ ਵਿੱਚ ਨਿਯਮਾਂ ਦੀ ਪਾਲਣਾ ਕਰਦਾ ਹੈ। ਚੰਗੇ/ਮਾੜੇ ਸਪਰਸ਼, ਪਰਿਵਾਰ ਵਿੱਚ ਲਿੰਗ ਆਧਾਰਤ ਕੰਮਾਂ/ਖੇਡਾਂ/ਭੋਜਨ ਸੰਬੰਧੀ ਰੂੜ੍ਹੀਵਾਦੀ ਵਿਚਾਰਾਂ, ਪਰਿਵਾਰ, ਸਕੂਲ ਵਿੱਚ ਭੋਜਨ ਅਤੇ ਪਾਣੀ ਦੀ ਬਰਬਾਦੀ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਹੈ।
- ਆਲ਼ੇ-ਦੁਆਲ਼ੇ ਵਿੱਚ ਪੌਦਿਆਂ, ਜੰਤੂਆਂ, ਬਜ਼ੁਰਗਾਂ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਅਤੇ ਵਿਭਿੰਨ ਪਰਿਵਾਰਕ ਢਾਂਚੇ ਪ੍ਰਤੀ ਸੰਵੇਦਨਸ਼ੀਲਤਾ ਰੱਖਣੀ (ਦਿੱਖ, ਸਮਰੱਥ ਚੋਣ, ਪਸੰਦ-ਨਾਪਸੰਦ) ਤੇ ਮੁਢਲੀਆਂ ਲੋੜਾਂ ਜਿਵੇਂ ਭੋਜਨ, ਆਸਰਾ ਆਦਿ ਦੀ ਵਿਭਿੰਨਤਾ ਪ੍ਰਤੀ।